NZ ਤਸਵੀਰ NEWS
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $95 5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
Contact : Raj 021 8740 730, 0800 253 2687
www.redcleaning.co.nz

17 August 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਇਹ ਹਨ ਨਿਊਜੀਲੈਂਡ ਪਾਰਲੀਮੈਂਟ ਦੇ ਖਰਚੀਲੇ ਮੈਂਬਰ



ਆਕਲੈਂਡ : ਪਾਰਲੀਮੈਂਟਰੀ ਸਰਵਿਸਜ ਵਲੋਂ ਪਿਛਲੀ ਤਿਮਾਹੀ ਵਿੱਚ ਮੈਂਬਰ ਪਾਰਲੀਮੈਂਟਾਂ ਵਲੋਂ ਕੀਤੇ ਖਰਚਿਆਂ ਦੀ ਜਾਣਕਾਰੀ ਜਨਤਕ ਕਰ ਦਿੱਤੀ ਗਈ ਹੈ ਅਤੇ ਇਸ ਸੂਚੀ ਵਿੱਚ ਨੈਸ਼ਨਲ ਦੇ ਸਾਇਮਨ ਬ੍ਰਿਜਸ ਤੋਂ ਵੱਧ ਜਿੱਥੇ ਕੋਈ ਵੀ ਖਰਚੀਲਾ ਸਾਬਿਤ ਨਹੀਂ ਹੋਇਆ, ਉੱਥੇ ਇਸ ਸੂਚੀ ਵਿੱਚ ਉਨ੍ਹਾਂ ਦੇ ਤਾਂ ਕੋਈ ਨਜਦੀਕ ਵੀ ਨਹੀਂ ਕਿਹਾ ਜਾ ਸਕਦਾ।

ਆਓ ਜਾਣੀਏ ਨਿਊਜੀਲੈਂਡ ਦੇ ਸਭ ਤੋਂ ਵੱਧ ਖਰਚੀਲੇ ਮੈਂਬਰ ਪਾਰਲੀਮੈਂਟਾਂ ਦੀ ਸੂਚੀ ਬਾਰੇ:

- ਨੈਸ਼ਨਲ ਪਾਰਟੀ ਦੇ ਨੇਤਾ ਸਾਇਮਨ ਬ੍ਰਿਜਸ, ਟੌਂਰਗਾ: $113,973
- ਨੈਸ਼ਨਲ ਦੇ ਕਲੂਥਾ-ਸਾਊਥਆਈਲੈਂਡ ਤੋਂ ਹਮੀਸ਼ ਵਾਕਰ: $39,387
- ਐਨ ਜੈਡ ਫਰਸਟ ਦੇ ਮਾਰਕਪੀਟਰਸਨ: $37,778
- ਨੈਸ਼ਨਲ ਦੇ ਵਾਇਟੇਕੇ ਦੇ ਜੈਕੀ ਡੀਨ: $34796
- ਨੈਸ਼ਨਲ ਦੇ ਟੋਪੋ ਤੋਂ ਲੂਈਸ ਅਪਸਟਨ: $34,434
- ਨੈਸ਼ਨਲ ਦੇ ਰੋਟੋਰੂਆ ਤੋਂ ਟੋਡ ਮੈਕਲੇ: $32,561
- ਨੈਸ਼ਨਲ ਦੇ ਈਸਟ ਕੋਸਟ ਤੋਂ ਐਨ ਟੋਲੀ: $31,867
- ਨੈਸ਼ਨਲ ਦੇ ਆਕਲੈਂਡ ਸੈਂਟਰਲ ਤੋਂ ਨਿਕੀ ਕੇਅ: $31,517
- ਲੇਬਰ ਦੇ ਈਸਟ ਕੋਸਟ ਤੋਂ ਕਾਇਰੀ ਐਲਨ: $31,303
- ਐਨ ਜੈਡ ਫਰਸਟ ਦੇ ਰੋਡਨੀ ਨਾਲ ਸਬੰਧਿਤ ਜੈਨੀ ਮਾਰਕਰੋਫਟ: $30,734

# ਨਿਊਜੀਲੈਂਡ ਦੇ ਉਪਭੋਗਤਾ ਹਨ ਇਨ੍ਹਾਂ ਕੰਪਨੀਆਂ ਤੋਂ ਸਭ ਤੋਂ ਵੱਧ ਨਾਰਾਜ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਕਾਮਰਸ ਕਮਿਸ਼ਨ ਵਲੋਂ ਜਨਵਰੀ 2017 ਤੋਂ ਅਪ੍ਰੈਲ 2018 ਤੱਕ ਦੇ ਵਿਚਕਾਰ ਉਪਭੋਗਤਾਵਾਂ ਵਲੋਂ ਸਬੰਧਿਤ ਕੰਪਨੀਆਂ ਦੀਆਂ ਸ਼ਿਕਾਇਤਾਂ ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਜਿਸ ਕੰਪਨੀ ਵਿਰੁੱਧ ਸਭ ਤੋਂ ਸ਼ਿਕਾਇਤਾਂ ਆਈਆਂ ਹਨ ਉਸਦਾ ਨਾਮ ਹੈ ਵਾਇਆਗੋਗੋ, ਜਿਸਦੇ ਵਿਰੁੱਧ 345 ਸ਼ਿਕਾਇਤਾਂ ਆਈਆਂ, ਉਸ ਤੋਂ ਬਾਅਦ ਵੋਡਾਫੋਨ 298, ਸਪਾਰਕ 257, ਫੂਡ ਸਟਫ 123, ਵੂਡਵਰਥਸ 103, ਏਅਰ ਨਿਊਜੀਲੈਂਡ 93, ਨੋਇਲ ਲੀਮੀਂਗਸ 88, ਵਿਲਸਨ ਪਾਰਕਿੰਗ 78 ਅਤੇ ਸਕਾਈ ਵਿਰੁੱਧ 77 ਸ਼ਿਕਾਇਤਾਂ ਆਈਆਂ ਹਨ। ਦੱਸਣਯੋਗ ਹੈ ਸਿਕਾਇਤਾਂ ਦੀ ਸ਼੍ਰੇਣੀ ਵਿੱਚ ਚੰਗੀ ਸੇਵਾ ਨਾ ਮਿਲਣਾ, ਲਏ ਸਮਾਨ ਦੇ ਪੈਸੇ ਵਾਪਿਸ ਨਾ ਮਿਲਣਾ, ਧੋਖਾਧੜੀ, ਸ਼ੋਅ ਦੀ ਨਕਲੀ ਟਿਕਟਾਂ ਵੇਚਣ ਜਿਹੀਆਂ ਸ਼ਿਕਾਇਤਾਂ ਸ਼ਾਮਿਲ ਸਨ।

## ਪੰਜਾਬੀ ਭਾਈਚਾਰੇ ਲਈ ਦੁੱਖ ਦੀ ਖ਼ਬਰ

# ਪਾਪਾਟੋਏਟੋਏ ਨਿਵਾਸੀ ਇਕਬਾਲ ਕੌਰ ਬਸਰਾ ਦਾ ਹੋਇਆ ਦੇਹਾਂਤ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਪੰਜਾਬੀ ਭਾਈਚਾਰੇ ਲਈ ਦੁੱਖ ਦੀ ਖ਼ਬਰ ਹੈ ਕਿ ਪਾਪਾਟੋਏਟੋਏ ਨਿਵਾਸੀ ਬੀਬੀ ਇਕਬਾਲ ਕੌਰ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਬੀਤੀ 13 ਅਗਸਤ ਨੂੰ ਆਕਲੈਂਡ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆਸੀ। ਇਕਬਾਲ ਕੌਰ ਬਸਰਾ ਦੇ ਪਤੀ ਜਸਵਿੰਦਰ ਸਿੰਘ ਬਸਰਾ ਉਘੇ ਬਿਜਨਸਮੈਨ ਹਨ ਅਤੇ ਉਨ੍ਹਾਂ ਦਾ ਸਹੁਰਾ ਪਿੰਡ ਖਾਨਪੁਰ ਜ਼ਿਲ੍ਹਾ ਜਲੰਧਰ ਵਿਚ ਸੀ। ਉਹ ਆਪਣੇ ਪਿਛੇ 3 ਧੀਆਂ ਬਲਜੀਤ ਕੌਰ, ਨਵਜੋਤ ਕੌਰ, ਜਸਪ੍ਰੀਤ ਕੌਰ ਅਤੇ ਪੁੱਤਰ ਜਸਕਿਰਤ ਸਿੰਘ, ਜਵਾਈ ਕਰਮਿੰਦਰ ਸਿੰਘ ਅਤੇ ਕੁਲਦੀਪ ਸਿੰਘ ਅਤੇ ਚਾਰ ਪੋਤੇ ਪੋੜੀਆਂ ਅਤੇ ਦੋਹਤੇ ਦੋਹਤੀਆਂ ਦਾ ਭਰਿਆ ਪੂਰਾ ਪਰਿਵਾਰ ਛੱਡ ਗਏ ਹਨ। ਬੀਬੀ ਬਸਰਾ ਦਾ ਅੰਤਿਮ ਸਸਕਾਰ ਐਤਵਾਰ ਨੂੰ ਬਾਅਦ ਦੁਪਹਿਰ 2.00 ਵਜੇ ਮੈਨੁਕਾਓ ਮੈਮੋਰੀਅਲ ਸੈਂਟਰ ਪਾਪਾਟੋਏਟੋਏ ਵਿਖੇ ਕੀਤਾ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੁਖਵਿੰਦਰ ਸਿੰਘ ਬਸਰਾ 027 410 5260 ਅਤੇ ਕਰਮਿੰਦਰ ਸਿੰਘ 021 151 7455 ਨਾਲ ਸੰਰਕ ਕੀਤਾ ਜਾ ਸਕਦਾ ਹੈ।

## ਇਮਰਾਨ ਦਾ ਸਹੁੰ-ਚੁੱਕ ਸਮਾਰੋਹ : ਸਿੱਧੂ ਅੱਜ ਹੋਣਗੇ ਪਾਕਿ ਲਈ ਰਵਾਨਾ



ਅੰਮ੍ਰਿਤਸਰ : ਚੇਅਰਮੈਨ ਪੀ. ਟੀ. ਆਈ. ਇਮਰਾਨ ਖਾਨ ਦੇ ਸਹੁੰ-ਚੁੱਕ ਸਮਾਰੋਹ 'ਚ ਸ਼ਾਮਲ ਹੋਣ ਲਈ ਸਾਬਕਾ ਭਾਰਤੀ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੂੰ ਪਾਕਿਸਤਾਨ ਨੇ ਵੀਜ਼ਾ ਜਾਰੀ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਪਾਕਿਸਤਾਨ ਹਾਈ ਕਮਿਸ਼ਨ ਨੇ ਸਿੱਧੂ ਨੂੰ ਦੋ ਹਫਤੇ ਦਾ ਵੀਜ਼ਾ ਜਾਰੀ ਕਰ ਦਿੱਤਾ ਹੈ। ਉਹ ਅੱਜ 2 ਵਜੇ ਦੇ ਕਰੀਬ ਵਾਹਘਾ ਸਰਹੱਦ ਰਾਹੀ ਪਾਕਿਸਤਾਨ ਜਾਣਗੇ।

# ਅੰਮ੍ਰਿਤਸਰ ਏਅਰਪੋਰਟ 'ਤੇ ਰਨਵੇ 'ਤੇ ਫਿਸਲਿਆ ਜਹਾਜ਼



ਅੰਮ੍ਰਿਤਸਰ : ਅੰਮ੍ਰਿਤਸਰ ਏਅਰਪੋਰਟ 'ਤੇ ਉਸ ਸਮੇਂ ਸਥਿਤੀ ਹੰਗਾਮੇ ਵਾਲੀ ਬਣ ਗਈ ਜਦੋਂ ਅੰਮ੍ਰਿਤਸਰ ਆਸ਼ਗਾਬਾਦ ਜਾਣ ਵਾਲੇ ਤੁਰਮੇਕਿਸਤਾਨ ਏਅਰਲਾਈਨਜ਼ ਦੇ ਜਹਾਜ਼ ਦੇ ਟਾਇਰ ਸਲਿੱਪ ਕਰਨ ਲੱਗੇ, ਜਿਸ ਕਾਰਨ ਜਹਾਜ਼ ਆਪਣੇ ਨਿਰਧਾਰਤ ਟਰੈਕ ਤੋਂ ਹਟਣ ਲੱਗਾ। ਚਾਲਕ ਦਲ ਨੂੰ ਜਹਾਜ਼ ਰੋਕਣਾ ਪਿਆ। ਜਹਾਜ਼ ਦੇ ਟਾਇਰਾਂ 'ਚ ਸਮੱਸਿਆ ਆਉਣ ਦਾ ਕਾਰਨ ਪਤਾ ਨਹੀਂ ਲੱਗਾ। ਇਸ ਕਾਰਨ ਜਹਾਜ਼ ਇਕ ਘੰਟੇ ਤਕ ਰਨਵੇ 'ਤੇ ਖੜ੍ਹਾ ਰਿਹਾ। ਉਸ ਵੇਲੇ ਸਥਿਤੀ ਹੋਰ ਵੀ ਹੰਗਾਮੀ ਬਣ ਗਈ ਜਦੋਂ ਇਸ ਦੇ ਪਿੱਛੇ ਆ ਰਹੀ ਏਅਰ ਇੰਡੀਆ ਦੀ ਉਡਾਣ 'ਚ ਤੇਲ ਘੱਟ ਹੋਣ ਦੇ ਸੰਕੇਤ ਮਿਲਣ ਲੱਗੇ। ਨਤੀਜੇ ਵਜੋਂ ਇਸ ਜਹਾਜ਼ ਦੀ ਉਡਾਣ ਵੀ ਲੇਟ ਰਹੀ ਅਤੇ ਉਸ ਨੂੰ ਵੀ ਰਨਵੇ ਤੋਂ ਵਾਪਸ ਮੋੜ ਕੇ ਤੇਲ ਭਰਨ ਲਈ ਭੇਜਿਆ ਗਿਆ। ਏਅਰ ਇੰਡੀਆ ਦੇ ਸਥਾਨਕ ਪ੍ਰਬੰਧਕ ਨੇ ਦੱਸਿਆ ਕਿ ਜਹਾਜ਼ ਸਟਾਰਟ ਸੀ ਅਤੇ ਰਨਵੇ 'ਤੇ ਆਵਾਜਾਈ ਠੱਪ ਹੋਣ ਕਾਰਨ ਜਹਾਜ਼ 'ਚ ਦੁਬਾਰਾ ਤੇਲ ਭਰਨਾ ਪਿਆ।

# ਗੂਗਲ ਦੇ ਸੈਂਸਰਡ ਚਾਈਨੀਜ਼ ਸਰਚ ਇੰਜਣ ਦਾ ਕਰਮਚਾਰੀਆਂ ਵੱਲੋਂ ਵਿਰੋਧ

ਵੈਲਿੰਗਟਨ —ਗੂਗਲ ਦੇ ਕਰਮਚਾਰੀ ਕੰਪਨੀ ਵੱਲੋਂ ਚੀਨ ਲਈ ਸੈਂਸਰਡ ਸਰਚ ਇੰਜਣ ਬਣਾਉਣ ਦੇ ਕੰਮ ਦਾ ਵਿਰੋਧ ਕਰ ਰਹੇ ਹਨ। ਇਹ ਖੁਲਾਸਾ ਇਕ ਅੰਗਰੇਜੀ ਅਖਬਾਰ ਨੇ ਕੀਤਾ ਹੈ। ਖਬਰਾਂ ਮੁਤਾਬਕ ਕੰਪਨੀ ਦੇ ਤਕਰੀਬਨ 1 ਹਜ਼ਾਰ ਕਰਮਚਾਰੀਆਂ ਨੇ ਇਸ ਪ੍ਰਾਜੈਕਟ ਦੀ ਪਾਰਦਰਸ਼ਤਾ ਤੇ ਨੈਤੀਕਤਾ 'ਤੇ ਸਵਾਲ ਚੁੱਕਦੇ ਹੋਏ ਇਕ ਪੱਤਰ 'ਤੇ ਹਸਤਾਖਰ ਕੀਤੇ ਹਨ। ਜ਼ਿਕਰਯੋਗ ਹੈ ਕਿ ਗੂਗਲ ਚੀਨ ਲਈ ਇਕ ਨਵੇਂ ਸੈਂਸਰਡ ਸਰਚ ਇੰਜਣ ਬਣਾਉਣ 'ਤੇ ਕੰਮ ਕਰ ਰਹੀ ਹੈ। ਇਸ ਕੰਮ ਨੂੰ ਗੂਗਲ ਨੇ ਆਪਣੇ ਕੁਝ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸਭ ਤੋਂ ਸੀਕ੍ਰੇਟ ਰੱਖਿਆ ਸੀ। ਪਰ ਜਦ ਦੀ ਇਹ ਖਬਰ ਸੁਰਖੀਆਂ 'ਚ ਆਈ ਹੈ ਉਦੋਂ ਤੋਂ ਹੀ ਇੰਨਾਂ ਖਬਰਾਂ ਦਾ ਸੇਕ ਕੰਪਨੀ ਅਤੇ ਕੰਪਨੀ ਦੇ ਸੀ.ਈ.ਓ. ਸੁੰਦਰ ਪਿਚਾਈ ਤੱਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਚੀਨ 'ਚ ਗੂਗਲ ਸਰਚ ਸੈਂਸਰਡ ਹੈ। ਗੂਗਲ ਨੇ ਸੰਨ 2010 'ਚ ਮਨੁੱਖੀ ਅਧਿਕਾਰਾਂ ਤੇ ਨੈਤੀਕਤਾ ਦਾ ਹਵਾਲਾ ਦੇ ਕੇ ਖੁਦ ਨੂੰ ਚੀਨੀ ਬਾਜ਼ਾਰ 'ਚੋਂ ਹਟਾ ਲਿਆ ਸੀ। ਕੰਪਨੀ ਨੂੰ ਚੀਨ 'ਚ ਆਪਣੀ ਗੈਰ-ਮੌਜੂਦਗੀ ਰੜਕ ਰਹੀ ਹੈ। ਜਿਸ ਕਾਰਨ ਹੁਣ ਕੰਪਨੀ ਚੀਨ ਸੈਂਸਰਸ਼ਿਪ ਕਾਨੂੰਨਾਂ ਦੇ ਮੁਤਾਬਕ ਇਕ ਸਰਚ ਐੱਪ 'ਤੇ ਕੰਮ ਕਰ ਰਹੀ ਹੈ। ਜਿਸ ਰਾਹੀਂ ਕੰਪਨੀ ਸਭ ਤੋਂ ਵੱਡੇ ਮਾਰਕਿਟ 'ਚ ਸੰਨ੍ਹ ਲਗਾਉਣ ਦੀ ਤਿਆਰੀ 'ਚ ਹੈ। ਖਾਸ ਗੱਲ ਇਹ ਹੈ ਕਿ ਇਸ ਨਵੇਂ ਸਰਚ ਇੰਜਣ ਦੇ ਪ੍ਰਾਜੈਕਟ ਨੂੰ ਕੰਪਨੀ ਵਲੋਂ ਸੀਕ੍ਰੇਟ ਰੱਖਿਆ ਗਿਆ ਸੀ। ਜਿਸ ਨੂੰ 'ਡ੍ਰੈਗਨਫਲਾਈ' ਦਾ ਨਾਮ ਦਿੱਤਾ ਗਿਆ। ਗੂਗਲ ਦੇ ਕਰਮਚਾਰੀਆਂ ਵਲੋਂ ਜਿਸ ਪੱਤਰ 'ਤੇ ਹਸਤਾਖਰ ਕੀਤੇ ਗਏ ਹਨ, ਉਸ 'ਚ ਲਿਖਿਆ ਗਿਆ ਹੈ ਕਿ ਸਾਨੂੰ ਜਲਦ ਹੀ ਵਧੇਰੇ ਪਾਰਦਰਸ਼ਤਾ ਦੀ ਲੋੜ ਹੈ। ਇਕ ਮੇਜ, ਸੀਟ ਤੇ ਖੁੱਲ੍ਹ ਕੇ ਕੰਮ ਕਰਨ ਦੀ ਵੱਚਨਬੱਧਤਾ : ਗੂਗਲ ਕਰਮਚਾਰੀਆਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਅਸੀਂ ਕਿ ਬਣਾ ਰਹੇ ਹਾਂ ਜਾਂ ਅਸੀਂ ਕਿਸ ਪ੍ਰਾਜੈਕਟ 'ਤੇ ਕੰਮ ਕਰ ਰਹੇ ਹਾਂ। ਕਰਮਚਾਰੀਆਂ ਦਾ ਮੰਨਣਾ ਹੈ ਕਿ ਲੋਕ ਸੱਚੀਆਂ ਸੂਚਨਾਵਾਂ ਸ਼ੇਅਰ ਕਰ ਦੇ ਲਈ ਗੂਗਲ 'ਤੇ ਭਰੋਸਾ ਕਰਦੇ ਹਨ। ਜਦਕਿ ਚਾਇਨੀਜ਼ ਸੈਂਸਰਡ ਸਰਚ ਇੰਜਣ ਉਨ੍ਹਾਂ ਨਾਲ ਧੋਖਾ ਹੋਵੇਗਾ।

# ਗੂੰਜਦੇ ਨਾਅਰਿਆਂ 'ਚ ਵਾਜਪਾਈ ਦੀ ਮ੍ਰਿਤਕ ਦੇਹ ਬੀਜੇਪੀ ਹੈਡਕੁਆਰਟਰ ਵੱਲ ਰਵਾਨਾ



ਨਵੀਂ ਦਿੱਲੀ: ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਮ੍ਰਿਤਕ ਦੇਹ ਬੀਜੇਪੀ ਦੇ ਹੈਡਕੁਆਰਟਰ ਲਿਜਾਈ ਜਾ ਰਹੀ ਹੈ। ਇਸ ਦੌਰਾਨ ਅਟਲ ਦੇ ਅੰਤਿਮ ਦਰਸ਼ਨ ਕਰਨ ਵਾਲਿਆਂ ਦੀ ਵੱਡੀ ਭੀੜ ਦੇਖਣ ਨੂੰ ਮਿਲ ਰਹੀ ਹੈ। ਹਰ ਕੋਈ ਉਨ੍ਹਾਂ ਦੀ ਅੰਤਿਮ ਯਾਤਰਾ 'ਚ ਸ਼ਾਮਿਲ ਹੋਣ ਦੀ ਕੋਸ਼ਿਸ਼ ਚ ਹੈ। ਦੱਸ ਦੇਈਏ ਕਿ ਦੁਪਹਿਰ ਇਕ ਵਜੇ ਤੱਕ ਦੀਨ ਦਿਆਲ ਉਪਾਧਿਆਇ ਮਾਰਗ 'ਤੇ ਸਥਿਤ ਬੀਜੇਪੀ ਹੈਡਕੁਆਰਟਰ 'ਚ ਅਟਲ ਦੇ ਅੰਤਿਮ ਦਰਸ਼ਨ ਕੀਤੇ ਜਾ ਸਕਣਗੇ ਜਦਕਿ ਇਕ ਵਜੇ ਤੋਂ ਬਾਅਦ ਉਨ੍ਹਾਂ ਦੀ ਅੰਤਿਮ ਯਾਤਰਾ ਸ਼ੁਰੂ ਹੋਵੇਗੀ। ਦਿੱਲੀ ਦੇ ਕਈ ਰਾਹਾਂ ਤੋਂ ਹੁੰਦੀ ਹੋਈ ਉਨ੍ਹਾਂ ਦੀ ਅੰਤਿਮ ਯਾਤਰਾ ਰਾਜਘਾਟ ਕੋਲ ਰਾਸ਼ਟਰੀ ਸਮ੍ਰਿਤੀ 'ਤੇ ਖ਼ਤਮ ਹੋਵੇਗੀ। ਸ਼ਾਮ ਚਾਰ ਵਜੇ ਤੱਕ ਕੀਤਾ ਜਾਵੇਗਾ ਅਟਲ ਦਾ ਅੰਤਿਮ ਸਸਕਾਰ। ਅਟਲ ਦੀ ਮ੍ਰਿਤਕ ਦੇਹ ਨੂੰ ਬੀਜੇਪੀ ਦੇ ਹੈਡਕੁਆਰਟਰ ਲਿਜਾਂਦਿਆਂ ਸੜਕ 'ਤੇ ਭਾਰੀ ਮਾਤਰਾ 'ਚ ਲੋਕਾਂ ਦਾ ਇਕੱਠ ਹੋਇਆ। ਅਟਲ 'ਬਿਹਾਰੀ ਵਾਜਪਾਈ ਅਮਰ ਰਹੇਂ' ਤੇ 'ਜਬ ਤਕ ਸੂਰਜ ਚਾਂਦ ਰਹੇਗਾ, ਅਟਲ ਜੀ ਆਪਕਾ ਨਾਮ ਰਹੇਗਾ' ਦੇ ਨਾਅਰਿਆਂ 'ਚ ਅਟਲ ਦੀ ਦੇਹ ਹੈਡਕੁਆਰਟਰ ਲਿਜਾਈ ਜਾ ਰਹੀ ਹੈ।

# ਵਿਦੇਸ਼ ਚ ਰਹਿੰਦੇ ਪੰਜਾਬ ਵਿਰੋਧੀ ਅਨਸਰ ਪੰਜਾਬ ਨੂੰ ਢਾਹ ਲਾਉਣ ਲਈ ਪੱਬਾਂ ਭਾਰ : ਕੈਪਟਨ



ਆਪਣੀਆਂ ਜੜ੍ਹਾਂ ਨਾਲ ਜੁੜੋ ਪ੍ਰੋਗਰਾਮ ਤਹਿਤ 10 ਦਿਨਾਂ ਦੌਰੇ ਤੇ ਇੰਗਲੈਂਡ ਤੋਂ ਆਏ ਨੌਜਵਾਨਾਂ ਨਾਲ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖ ਫਾਰ ਜਸਟਿਸ ਸਮੇਤ ਵਿਦੇਸ਼ ਚ ਰਹਿ ਰਹੇ ਕੁਝ ਪੰਜਾਬ ਵਿਰੋਧੀ ਲੋਕ ਗਲਤ ਤਸਵੀਰ ਪੇਸ਼ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਅਜਿਹੇ ਮਾੜੇ ਅਨਸਰ ਪੰਜਾਬ ਅਤੇ ਪੰਜਾਬੀਆਂ ਦੇ ਅਕਸ ਨੂੰ ਢਾਹ ਲਾਉਣ ਲਈ ਪੱਬਾਂ ਭਾਰ ਹਨ, ਤਾਂ ਕਿ ਅਮਨ ਸ਼ਾਂਤੀ ਨਾਲ ਮੁਹੱਬਤ ਕਰਨ ਵਾਲੇ ਪੰਜਾਬੀਆਂ ਦਰਮਿਆਨ ਵੱਖਵਾਦ ਨੂੰ ਉਤਸ਼ਾਹਿਤ ਕਰਕੇ ਸੂਬੇ ਦੀ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਨੂੰ ਲੀਹ ਤੋਂ ਲਾਹਿਆ ਜਾ ਸਕੇ। ਉਨ੍ਹਾਂ ਇੰਗਲੈਂਡ ਤੋਂ ਆਏ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਜਾ ਕੇ ਗਲਤ ਧਾਰਨਾਵਾਂ ਨੂੰ ਦੂਰ ਕਰਨ। ਵਿਦੇਸ਼ਾਂ ਚ ਦੱਸਣ ਕਿ ਪੰਜਾਬ ਦੇ ਲੋਕ ਅਮਨ ਸ਼ਾਂਤੀ ਵਾਲੇ ਮਾਹੌਲ ਚ ਰਹਿ ਰਹੇ ਹਨ। ਉਨ੍ਹਾਂ ਵਿਦੇਸ਼ਾਂ 'ਚ ਵਸਦੇ ਸਮੂਹ ਪੰਜਾਬੀਆਂ ਨੂੰ ਪੰਜਾਬ ਆ ਕੇ ਇੱਥੋਂ ਦੀਆਂ ਜ਼ਮੀਨੀ ਹਕੀਕਤਾਂ ਆਪਣੇ ਅੱਖੀਂ ਦੇਖਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਵਿਦੇਸ਼ ਤੋਂ ਆਇਆ ਇਕ ਨੌਜਵਾਨ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਫਤਹਿਗੜ੍ਹ ਚੂੜੀਆਂ ਨਜ਼ਦੀਕ ਪੈਂਦੇ ਆਪਣੇ ਜੱਦੀ ਪਿੰਡ ਗਿਆ। ਪਿੰਡ ਪਹੁੰਚਣ ਉਤੇ ਪੂਰੇ ਪਿੰਡ ਵੱਲੋਂ ਕੀਤੇ ਸ਼ਾਨਦਾਰ ਸਵਾਗਤ ਤੋਂ ਉਹ ਗਦਗਦ ਹੋ ਉੱਠੇ ਜੋ ਸਹੀ ਮਾਅਨਿਆਂ ਵਿੱਚ ਪੰਜਾਬੀਆਂ ਦੀ ਅਪਣੱਤ ਅਤੇ ਮੋਹ ਭਰੇ ਸੁਭਾਅ ਦਾ ਪ੍ਰਗਟਾਵਾ ਕਰਦਾ ਹੈ।

ਰੋਜ਼ਾਨਾ ਐਨ. ਜ਼ੈਡ. ਤਸਵੀਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
editornztasveer@gmail.com